# ਇਕ ਮਾਂ ਪਚਾਸੀ ਸਾਲ ਦੀ

ਇਕ ਮਾਂ ਪਚਾਸੀ ਸਾਲ ਦੀ

ਕੋਈ ਹੋਰ ਨਾਂ ਉਸ ਦੇ ਨਾਲ ਦੀ

ਨੇਤਰ ਹੀਣ ਹੈ ਖੁਦ ਵੀ ਮਾਤਾ

ਅੰਨੇ  ਪੁਤ ਨੂੰ ਪਾਲਦੀ

ਪੁਤਰ ਉਸਨੂੰ ਸਾਭਦਾ

ਜਾਂ ਪੁਤ ਨੂੰ ਉਹ ਸੰਭਾਲਦੀ ?

ਇਕ ਮਾਂ ਪਚਾਸੀ ਸਾਲ ਦੀ......

ਦੋ ਸੋ ਪੰਜਾਹ ਰੁਪੇਇਆ  ਪੁਰੀ

ਹਰ ਮਹੀਨੇ ਪੈਨਸ਼ਨ ਪਾਵੇ

ਡੀਪੂ ਜੇ ਸਰਕਾਰੀ ਖੁਲ੍ਹੇ

ਥੋੜਾ ਬਹੁਤਾ ਰਾਸ਼ਨ ਲਿਆਵੇ

ਪੈਨਸ਼ਨ ਰਸਤੇ ਦੇ ਵਿਚ ਅੜ ਗਈ

ਨਾਂ ਜਾਣੇ ਕਿਸ ਥਾਂ ਤੇ ਖੜ  ਗਈ

ਵਾਰੀ ਵਾਰੀ ਪੁਛਣ  ਜਾਵੇ

ਬੈਂਕ ਵਾਲਾ ਨਾਂ ਲੜ ਫੜਾਵੇ

ਫਿਰ ਵੀ ਹੈ ਮਸ਼ਕੂਰ ਮਾਤਾ

ਸਾਡੀ ਇਸ ਸਰਕਾਰ ਦੀ

ਇਕ ਮਾਂ ਪਚਾਸੀ ਸਾਲ ਦੀ.........

ਖੜਕੇ ਕੁੰਡਾ ਭਜੀ ਆਵੇ

ਚਲਣ ਲਗੀ ਠੁਡੇ ਖਾਵੇ

ਸ਼ਾਇਦ ਕੋਈ ਪਤਰਕਾਰ ਆਵੇ

ਉਸਨੂੰ ਚੰਗੀ ਖਬਰ ਸੁਣਾਵੇ

ਚੰਗੇ ਦਿਨ ਤੇ ਚੰਗੀਆਂ ਖਬਰਾਂ

ਮਾਤਾ ਫਿਰਦੀ ਭਾਲਦੀ

ਇਕ ਮਾਂ ਪਚਾਸੀ ਸਾਲ ਦੀ

ਪਹਿਲਾਂ ਨਾਂ ਮੈਂ ਕਦੇ ਵੀ ਵੇਖੀ

ਹੋਰ ਕੋਈ ਉਸਦੇ ਨਾਲ ਦੀ

ਇਕ ਮਾਂ ਪਚਾਸੀ ਸਾਲ ਦੀ......

(ਇਹ ਨੇਤਰ ਹੀਣ ਮਾਤਾ ਮੋਹਾਲੀ ਜ਼ਿਲੇ ਦੇ ਪਿੰਡ "ਗੁਡਾਨਾ" ਵਿਚ ਰਹਿੰਦੀ ਹੈ- ਜਿਸਨੂ ਮੈਂ ੨੩.ਮਾਰਚ , ੨੦੧੬ ਨੂੰ ਉਸਦੇ ਘਰ ਜਾ ਕੇ ਮਿਲ ਕੇ ਆਇਆ ਸਾਂ.)